रोल नं0 | | | | | | | |

मुद्रित पृष्ठों की संख्या : 4

**107**

**407 (IBX)**

# 2015

# ਪੰਜਾਬੀ
## (पंजाबी)

समय : 3 घण्टे ]

[ पूर्णांक : 100

ਨੋਟ - ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ ।

1- ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਅੰਤ ਵਿਚ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :- 10

ਸ੍ਰੀ ਗੁਰੂ ਗੋਬਿੰਦ ਸਿੰਘ ਮਨੁੱਖ ਮਾਤਰ ਦੀ ਏਕਤਾ ਵਿਚ ਵਿਸ਼ਵਾਸ ਰੱਖਦੇ ਸਨ । ਆਪ ਦੀ ਲੜਾਈ ਜਾਲਿਮ ਤੇ ਜਾਬਰ ਵਿਰੋਧ ਸੀ । ਇਹੋ ਹੀ ਕਾਰਨ ਹੈ ਕਿ ਹਰ ਫਿਰਕੇ ਦੇ ਯੋਧੇ ਆਪ ਦੀ ਸੇਨਾ ਵਿਚ ਫੌਜ਼ੀ ਅਫ਼ਸਰ ਦੀ ਪਦਵੀ ਗ੍ਰਹਿਣ ਕਰਕੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ਖਰ ਮਹਿਸੂਸ ਕਰਦੇ ਸਨ । ਪੀਰ ਬੁੱਧੂ ਸ਼ਾਹ ਦਾ ਆਪ ਜੀ ਦੀ ਸੇਨਾ ਵਿਚ ਸ਼ਾਮਿਲ ਹੋਣਾ ਇਕ ਪ੍ਰਤਖ ਪ੍ਰਮਾਣ ਹੈ । ਬਹੁਤ ਸਾਰੇ ਹਿੰਦੂ ਕਵੀਆਂ ਦੀ ਸਰਪ੍ਰਸ਼ਤੀ ਵੀ ਆਪ ਜੀ ਨੇ ਕੀਤੀ । ਆਪ ਜੀ ਦਾ ਸਾਰਾ ਜੀਵਨ ਹੀ ਜੰਗਾਂ ਯੁੱਧਾਂ ਤੇ ਜਦੋ-ਜਹਿਦ ਵਿਚ ਲੰਘਿਆ । ਪਹਾੜੀ ਰਾਜਿਆਂ ਅਤੇ ਮੁਗਲ ਬਾਦਸ਼ਾਹਾਂ ਨਾਲ ਆਪ ਜੀ ਨੇ ਲੋਹਾ ਲਿਆ । ਮੁੱਠੀ ਭਰ ਖਾਲਸਾ ਫੋਜਾਂ ਵਿਚ ਆਪ ਨੇ ਅਜਿਹੀ ਸਪਿਰਿਟ ਭਰ ਦਿੱਤੀ, ਜੋਕਿ ਵੈਰੀਆਂ ਦੇ ਲੱਖਾਂ ਦੀ ਗਿਣਤੀ ਦੇ ਦਲਾਂ ਉੱਤੇ ਭਾਰੂ ਸਾਬਤ ਹੋਈ ।

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲੜਾਈ ਕਿਸ ਦੇ ਵਿਰੁੱਧ ਸੀ ?

(ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰੇ ਧਰਮਾਂ ਨੂੰ ਪਿਆਰਨ ਦਾ ਵੱਡਾ ਸਬੂਤ ਕੀ ਹੈ ?

(ੲ) ਗੁਰੂ ਜੀ ਦਾ ਜੀਵਨ ਕਿਸ ਸੰਘਰਸ਼ ਵਿਚ ਲੰਘਿਆ ?

(ਸ) ਗੁਰੂ ਜੀ ਨੇ ਕਿਸ ਕਿਸ ਨਾਲ ਮੁਕਾਬਲਾ ਕੀਤਾ ?

(ਹ) ਇਸ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ ।

2- ਹੇਠ ਲਿਖੇ ਵਿਸਿਆਂ ਵਿਚੋਂ ਕਿਸੇ ਇਕ ਵਿਸੇ ਤੇ 200-225 ਸਬਦਾਂ ਤੱਕ ਨਿਬੰਧ ਲਿਖੋ- 10

(ੳ) ਸਮਾਜ ਵਿਚ ਇਸਤਰੀ ਦਾ ਸਥਾਨ ।

(ਅ) ਵਿਦਿਆਰਥੀ ਅਤੇ ਅਨੁਸ਼ਾਸਨ ।

(ੲ) ਸਾਡੇ ਤਿਓਹਾਰ ।

(ਸ) ਕਿਸੇ ਇਤਿਹਾਸਕ ਸਥਾਨ ਦੀ ਯਾਤਰਾ ।

(ਹ) ਸੰਚਾਰ ਦੇ ਸਾਧਨ ।

3- ਹੇਠ ਲਿਖੇ ਸੰਕੇਤਾਂ ਦੀ ਸਹਾਇਤਾ ਨਾਲ 100-125 ਸ਼ਬਦਾਂ ਵਿਚ ਕਹਾਣੀ ਲਿਖੋ - 7

"ਇਕ ਸਮੇਂ ਦੀ ਗੱਲ ਹੈ ਕਿ ਇਕ ਪਿੰਡ ਵਿਚ ਇਕ ਬੁੱਢਾ ਕਿਸਾਨ ਰਹਿੰਦਾ ਸੀ। ਉਸਦੇ ਚਾਰੋਂ ਪੁੱਤਰ ਲੜਦੇ ਰਹਿੰਦੇ ਸਨ । ਉਸਨੇ ਲੱਕੜਾਂ ਦਾ ਗੱਠਾ ਮੰਗਾਇਆ । ਫਿਰ ਕਿਸਾਨ ਨੇ ਗੱਠਾ ਘੁੱਟ ਕੇ ਬੰਨਿਆਂ । ਕੋਈ ਵੀ ਪੁੱਤਰ ਉਸ ਬੰਨੇ ਹੋਏ ਗੱਠੇ ਨੂੰ ਤੋੜ ਨਾ ਸਕਿਆ ------------------ ਏਕਤਾ ਵਿਚ ------------------।"

4- ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਕ ਪੱਤਰ ਲਿਖੋ, ਜਿਸ ਵਿਚ ਦਾਜ ਪ੍ਰਥਾ ਦੀ ਬੁਰਾਈ ਤੇ ਇਸਨੂੰ ਦੂਰ ਕਰਨ ਦੇ ਉਪਾਅ ਵੀ ਲਿਖੋ । (100-125 ਸ਼ਬਦਾਂ) 8

5- ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿਚ ਇਸ ਤਰਾਂ ਪ੍ਰਯੋਗ ਕਰੋ ਕਿ ਅਰਥ ਸਪਸ਼ਟ ਹੋ ਜਾਣ - 3

ਅੱਖਾਂ ਤੇ ਬਿਠਾਉਣਾ, ਸਿੱਧੇ ਮੂੰਹ ਗੱਲ ਨ ਕਰਨੀ, ਹੱਥ ਵਟਾਉਣਾ

6- ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ ਮੌਕੇ ਤੇ ਵਰਤੇ ਜਾਂਦੇ ਹਨ ? 2

ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ, ਇਹ ਜੱਗ ਮਿੱਠਾ ਅਗਲਾ ਕਿਸ ਡਿੱਠਾ

7- ਹੇਠ ਲਿਖੇ ਪੈਰੇ ਨੂੰ ਵਿਸਰਾਮ ਚਿੰਨ ਲਗਾ ਕੇ ਲਿਖੋ - 3

ਸੁਰਿੰਦਰ ਦਰੱਖਤ ਤੋਂ ਉਤਰਿਆ ਉਹ ਮਹਿੰਦਰ ਨੂੰ ਪੁੱਛਣ ਲੱਗਾ ਰਿੱਛ ਨੇ ਉਸਦੇ ਕੰਨ ਵਿਚ ਕੀ ਕਿਹਾ ਸੀ ਮਹਿੰਦਰ ਨੂੰ ਇਕ ਦਮ ਉੱਤਰ ਦਿੱਤਾ ਰਿੱਛ ਨੇ ਮੈਨੂੰ ਨਸੀਹਤ ਦਿੰਦਿਆਂ ਕਿਹਾ ਸੀ ਕਿ ਮਤਲਬੀ ਮਿੱਤਰਾਂ ਤੋਂ ਹਮੇਸਾਂ ਦੂਰ ਰਹਿਣਾ ਚਾਹੀਦਾ ਹੈ ।

8- ਹੇਠ ਲਿਖੇ ਵਾਕ ਦੀ ਵਾਕ-ਵੰਡ ਕਰੋ - 4

ਜਿਥੇ ਗੁਰੂ ਨਾਨਕ ਦੇਵ ਜੀ ਜਾਂਦੇ ਸਨ ਉਥੇ ਅਨੇਕਾਂ ਲੋਕ ਉਹਨਾਂ ਦੇ ਦਰਸਨ ਲਈ ਆ ਜੁੜਦੇ ਸਨ ।

9- ਹੇਠ ਲਿਖੇ ਵਾਕਾਂ ਨੂੰ ਸੁਧ ਕਰਕੇ ਲਿਖੋ - (ਸੋਧ ਕੇ ਲਿਖੋ) - 3

(ੳ) ਪ੍ਰਧਾਨਮੰਤਰੀ ਮੈਂ ਹੋਦਾ । ਕਾਸ਼ ।

(ਅ) ਕੁੜੀਆਂ ਗੀਤ ਗਾਉਂਦਾ ਹੈ ।

(ੲ) ਕਾਪੀ ਉਤੇ ਉਹ ਪੈਨ ਨਾਲ ਲਿਖਦਾ ਹੈ ।

10- ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇੱਕ ਦੇ ਅੰਤ ਵਿਚ ਦਿੱਤੇ ਗਏ ਪ੍ਰਸਨਾਂ ਦੇ ਉੱਤਰ ਲਿਖੋ - 4×2=8

(i) ਮੈਂ ਪੀਆਂ ਅਰਸ਼ ਦੀ ਤੇਲ, ਪਲਾਂ ਮੈਂ ਕਿਰਨ ਖਾਂ,
ਮੇਰੀ ਨਾਲ ਚਾਂਦਨੀ ਖੇਲ, ਰਾਤਿ ਰਲ ਖੇਲੀਏ,
ਮੈਂ ਮਸਤ ਆਪਣੇ ਹਾਲ, ਮਗਨ ਗੰਧਿ ਆਪਣੀ,
ਹਾਂ, ਦਿਨ ਨੂੰ ਭੌਰੇ ਨਾਲ ਭੀ ਮਿਲਣੋਂ ਸੰਗਦਾ ।

(ੳ) ਉਪਰੋਕਤ ਕਾਵਿ- ਬੰਦ ਦੀ ਵਿਆਖਿਆ ਕਰੋ ।

(ਅ) ਉਪਰੋਕਤ ਕਾਵਿ ਬੰਦ ਦਾ ਪ੍ਰਸੰਗ ਲਿਖੋ ।

(ੲ) ਇਹ ਸਤਰਾਂ ਕੌਣ ਕਹਿ ਰਿਹਾ ਹੈ ਤੇ ਕਿਓ ?

(ਸ) 'ਆਪਣੇ ਹਾਲ ਵਿਚ ਮਸਤ' ਤੇ ਗੰਧਿ ਤੋਂ ਕੀ ਭਾਵ ਹੈ ।

(ii) ਨੱਚਦੇ ਨੇ ਮੇਰੇ ਨਾਲ ਨਛੱਤਰ, ਹੈਰਾਨ ਜੋਗ,
ਕਰਦਾ ਹੈ ਮੈਨੂੰ ਚੰਦ ਇਸ਼ਾਰਾ ਕਿਸੇ ਨੂੰ ਕੀ ?
ਸਾਗਰ ਦੇ ਗੋਤਿਆਂ ਚੋਂ ਮਹਾਨੂਰ ਮਿਲ ਗਿਆ,
ਹੁੰਦਾ ਨਹੀ ਜੇ ਪਾਰ ਉਤਾਰਾ ਕਿਸੇ ਨੂੰ ਕੀ ?

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
(ਅ) ਕਾਵਿ ਬੰਦ ਦੀ ਵਿਆਖਿਆ ਕਰੋ ।
(ੲ) ਕਵੀ ਦੇ ਨਾਲ ਕੌਣ ਨੱਚਦਾ ਹੈ ਤੇ ਕੌਣ ਉਸਨੂੰ ਇਸ਼ਾਰਾ ਕਰਦਾ ਹੈ ।
(ਸ) ਸਾਗਰ ਦੇ ਗੋਤਿਆਂ ਵਿਚੋਂ ਕੀ ਮਿਲਿਆ ਹੈ ?

11- ਧਨੀਰਾਮ ਚਾਤ੍ਰਿਕ ਦੀ ਕਵਿਤਾ 'ਰਾਧਾ ਸੰਦੇਸ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।- 7

ਜਾਂ

ਡਾ0 ਹਰਿਭਜਨ ਸਿੰਘ ਦੀ ਕਵਿਤਾ 'ਮੇਰਾ ਬਚਪਨ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। ।

12- ਹੇਠ ਲਿਖੇ ਵਾਰਤਾਲਾਪ ਅੰਸਾਂ ਵਿਚੋਂ ਕਿਸੇ ਇਕ ਦੇ ਹੇਠ ਦਿੱਤੇ ਪ੍ਰਸਨਾਂ ਦੇ ਉੱਤਰ ਲਿਖੋ - 4×2=8

(i) ਬੱਸ ਇਹੋ ਫਰਕ ਏ ਸਾਡਾ ਤੇ ਤੁਹਾਡਾ । ਇਹ ਵਿਚਾਰਾਂ ਤੇ ਆਦਰਸਾਂ ਦਾ ਫਰਕ ਏ, ਦ੍ਰਿਸਟੀਕੋਣਾਂ ਦਾ ਫਰਕ ਏ, ਪੁਰਾਣੇ ਤੇ ਨਵੇਂ ਜਮਾਨੇ ਦਾ ਫ਼ਰਕ ਏ । ਸੁਲ੍ਹਾ ਸਫ਼ਾਈ ਕਿਸ ਤਰ੍ਹਾਂ ਹੋ ਸਕਦੀ ਏ ?

(ੳ) ਇਹ ਵਾਰਤਾਲਾਪ ਕਿਸ ਨਾਟਕ ਵਿਚੋਂ ਲਿਆ ਗਿਆ ਹੈ ਤੇ ਇਹ ਕਿਸ ਦੀ ਰਚਨਾਂ ਹੈ?
(ਅ) ਇਹ ਵਾਰਤਾਲਾਪ ਕੌਣ ਕਿਸ ਨੂੰ ਸੰਬੋਧਨ ਕਰ ਰਿਹਾ ਹੈ ?
(ੲ) ਪੁਰਾਣੇ ਤੇ ਨਵੇਂ ਜਮਾਨੇ ਵਿਚ ਕੀ ਫ਼ਰਕ ਦੱਸਿਆ ਹੈ ?
(ਸ) ਸੁਲਾਹ ਸਫ਼ਾਈ ਕਿਉਂ ਨਹੀਂ ਹੋ ਸਕਦੀ ?

(ii) ਸੱਚੀ ਗੱਲ ਏ, ਤੇਰੀ ਮਾਂ ਨੇ ਅੱਜ ਤਕ ਕਿਸੇ ਦੀ ਗੱਲ ਨਹੀਂ ਮੰਨੀ । ਇਹਦਾ ਸੁਭਾਅ ਪੱਕ ਚੁੱਕਾ ਏ । ਜਿਹਨੇ ਪਿਤਾ-ਪਤੀ ਦੀ ਅਯੋਗ ਅਧੀਨਗੀ ਨਹੀਂ ਮੰਨੀ, ਹੁਣ ਪੁੱਤ ਦੀ ਕਿਵੇਂ ਸਵੀਕਾਰ ਕਰੇ ?

(ੳ) ਉਪਰੋਕਤ ਵਾਰਤਾਲਾਪ ਕਿਸ ਨਾਟਕ ਵਿਚੋਂ ਲਿਆ ਗਿਆ ਹੈ । ਨਾਟਕਕਾਰ ਦਾ ਨਾਂ ਵੀ ਦਸੋ ।
(ਅ) ਇਹ ਸ਼ਬਦ ਕਿਸਨੇ ਕਿਸ ਨੂੰ ਕਹੇ ?
(ੲ) ਕਿਸਨੇ ਪਿਤਾ-ਪਤੀ ਦੀ ਅਯੋਗ ਅਧੀਨਗੀ ਨਹੀਂ ਮੰਨੀ ?
(ਸ) ਪੁੱਤ ਨਾਲ ਮਾਂ ਦਾ ਕੀ ਝਗੜਾ ਹੈ ?

13- ਨਾਟਕ 'ਸੋਭਾ-ਸ਼ਕਤੀ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 7

ਜਾਂ

'ਸੋਭਾ-ਸ਼ਕਤੀ ਦੇ ਹੇਠ ਲਿਖੇ ਪਾਤਰਾਂ ਵਿਚੋਂ ਕਿਸੇ ਇਕ ਦਾ ਪਾਤਰ ਚਿਤਰਣ ਕਰੋ –
ਸੋਭਾ, ਲੀਲਾ, ਰਮੇਸ

14- ਹੇਠ ਲਿਖੇ ਪੈਰਿਆਂ ਵਿਚੋਂ ਕਿਸੇ ਇੱਕ ਦੇ ਅੱਗੇ ਦਿੱਤੇ ਪ੍ਰਸਨਾਂ ਦੇ ਉੱਤਰ ਲਿਖੋ - 2+3=5

(i) "ਸੁਰਮੇ ਦੀ ਡਲੀ ਲਿਆਂਦੀ ਏ ਬਾਪੂ, ਸਵਾ ਮਹੀਨਾ ਸੱਪ ਦੇ ਮੂੰਹ ਵਿਚ ਰੱਖੀ ਹੋਈ ਸੀ, ਬੱਸ ਹੁਣ ਬੇਬੇ ਦੀ ਨਿਗਾਅ ਤੇਜ ਹੋ ਜੂ ।"

(ੳ) ਉਪਰੋਕਤ ਪੈਰਾ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ? ਕਹਾਣੀਕਾਰ ਦਾ ਨਾਂ ਵੀ ਦਸੋ।

(ਅ) ਸੁਰਮੇ ਦੀ ਡਲੀ ਕੋਣ ਕਿਸ ਲਈ ਲਿਆਇਆ ਸੀ ?

(ii) "ਨੰਦੂ, ਆਉਣ ਵਾਲੀ ਦੁਨੀਆਂ ਦੇ ਸਾਰੇ ਲੋਕ ਤੇਰੀਆਂ ਤੇ ਹੋਰ ਹਜਾਰਾਂ ਨੰਦੂਆਂ ਦੀਆਂ ਕਹਾਣੀਆਂ ਬਾਈਬਲ ਵਾਂਗ ਪੜਿਆ ਕਰਨਗੇ, ਤੇ ਇੰਨਾਂ ਦੀ ਉਸੇ ਤਰਾਂ ਪੂਜਾ ਹੋਵੇਗੀ, ਜਿਵੇਂ ਤੂੰ ਉਨਾਂ ਤਸਵੀਰਾਂ ਦੀ ਕਰਦਾ ਹੈ ਕਿਉਂਕਿ ਤੁਸੀਂ ਸਾਰੇ ਨਵੀਂ ਦੁਨੀਆਂ ਦੀਆਂ ਨੀਹਾਂ ਮਜਬੂਤ ਕਰ ਰਹੇ ਓ ।"

(ੳ) ਕਹਾਣੀ ਤੇ ਕਹਾਣੀਕਾਰ ਦਾ ਨਾਮ ਲਿਖੋ ।

(ਅ) ਨੰਦੂ ਕਿਨ੍ਹਾਂ ਤਸਵੀਰਾਂ ਦੀ ਪੂਜਾ ਕਰਦਾ ਸੀ ? ਨੰਦੂ ਵਰਗੇ ਕਿਸ ਦੁਨੀਆਂ ਦੀਆਂ ਨੀਹਾਂ ਮਜਬੂਤ ਕਰ ਰਹੇ ਹਨ ?

15- 'ਸ਼ੇਰਨੀਆਂ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 5

ਜਾਂ

'ਕਾਰ ਖਿਡੋਣਾ' ਕਹਾਣੀ ਦਾ ਵਿਸ਼ਾ ਕੀ ਹੈ ?

16- ਪੰਜਾਬੀ ਨਾਟਕ ਦਾ ਆਰੰਭ ਅਤੇ ਵਿਕਾਸ ਕਿਵੇਂ ਹੋਇਆ ? ਸੰਖੇਪ ਚ ਉੱਤਰ ਲਿਖੋ । 10

ਜਾਂ

ਸੂਫੀ ਕਾਵਿ ਧਾਰਾ ਦੇ ਕਵੀਆਂ ਅਤੇ ਉਹਨਾਂ ਦੀ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਉ ।

*********